International Journal of Applied Research 2018; 4(1): 643-646




**ISSN Print:** 2394-7500
**ISSN Online:** 2394-5869
**Impact Factor:** 5.2
IJAR 2018; 4(1): 643-646
www.allresearchjournal.com
Received: 17-11-2017
Accepted: 22-12-2017

**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

# ਚੋਥੇ ਦੀ ਉਡੀਕ: ਇਕ ਅਧਿਐਨ

**Dr. Iqbal Kaur**

**Introduction**

ਡਾ.ਹਰਿਭਜਨ ਸਿੰਘ ਦਾ ਕਾਵਿ ਸੰਗ੍ਰਹਿ 'ਚੌਥੇ ਦੀ ਉਡੀਕ' ੧੯੯੧ ਵਿਚ ਪ੍ਰਕਾਸ਼ਿਤ ਹੋਇਆ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਅਸੀਂ ਤਿੰਨ ਵੰਨਗੀਆਂ ਵਿਚ ਵੰਡ ਕੇ ਸਮਝ ਸਕਦੇ ਹਾਂ। ਹਾਲਾਂ ਕਿ ਕਵੀ ਨੇ ਆਪ ਇਨ੍ਹਾਂ ਨੂੰ ਕਿਸੇ ਵੰਨਗੀ ਵਿਚ ਨਹੀਂ ਵੰਡਿਆ। ਪਹਿਲੀ ਵੰਨਗੀ ਉਨ੍ਹਾਂ ਕਵਿਤਾਵਾਂ ਦੀ ਹੈ ਜੋ ਜਿੰਦਗੀ ਦੇ ਵੱਖ-ਵੱਖ ਵਿਸ਼ਿਆਂ ਬਾਰੇ ਹਨ। ਦੂਜੀ ਵੰਨਗੀ ਵਿਚ ਉਹ ਕਵਿਤਾਵਾਂ ਹਨ ਜਿਨ੍ਹਾਂ ਵਿਚ ਇਸ ਸੰਸਾਰ ਤੋਂ ਵਿਦਾ ਹੋਣ ਦਾ ਅਹਿਸਾਸ ਕੰਮ ਕਰ ਰਿਹਾ ਹੈ। ਜਿਸ ਨੂੰ Dead Consciousness ਕਿਹਾ ਜਾਂਦਾ ਹੈ। ਤੀਜੇ ਪ੍ਰਕਾਰ ਦੀਆਂ ਉਹ ਕਵਿਤਾਵਾਂ ਹਨ ਜਿਨ੍ਹਾਂ ਦਾ ਸੰਬੰਧ ਔਰਤ ਨਾਲ ਹੈ। ਇਨ੍ਹਾਂ ਤਿੰਨੇ ਪ੍ਰਕਾਰ ਦੀਆਂ ਕਵਿਤਾਵਾਂ ਵਿਚ ਦ੍ਰਿਸ਼ਟੀ ਦੀ ਇਕ ਸਾਂਝ ਦੇਖ ਸਕਦੇ ਹਾਂ ਅਤੇ ਇਹ ਸਾਂਝ ਅੰਤਿਮ ਸਮਾਂ ਆ ਜਾਣ ਦੇ ਅਹਿਸਾਸ ਨਾਲ ਜੁੜੀ ਹੈ।

ਇਸ ਮੋੜ ਤੇ ਆ ਕੇ ਕਵੀ ਆਪਣੀ ਬੀਤ ਚੁੱਕੀ ਜ਼ਿੰਦਗੀ ਤੇ ਇਕ ਨਜ਼ਰ ਮਾਰ ਰਿਹਾ, ਕੁਝ ਮਹੱਤਵਪੂਰਨ ਨਿਰਣਿਆਂ ਤੇ ਪਹੁੰਚ ਰਿਹਾ ਹੈ। ਇਸ ਲਈ ਕਵੀ ਇਨ੍ਹਾਂ ਸਥਿਤੀਆਂ ਤੋਂ ਬਾਹਰ ਆ ਕੇ ਇਕ ਵਿਥ ਤੇ ਖੜ੍ਹਾ ਉਨ੍ਹਾਂ ਨੂੰ ਦੇਖ ਰਿਹਾ ਹੈ। ਇਸ ਕਾਵਿ ਸੰਗ੍ਰਹਿ ਦਾ ਆਰੰਭ ਉਹ ਆਪਣੀ ਕਵਿਤਾ 'ਮਾਂ ਉਡੀਕਦੀ ਹੈ' ਨਾਲ ਕਰਦਾ ਹੈ। ਇਹ ਕਵਿਤਾ ਉਸ ਦੇ ਕਾਵਿ ਸੰਗ੍ਰਹਿ 'ਮਾਵਾਂ ਧੀਆਂ' ਦੇ ਆਰੰਭ ਵਿਚ ਵੀ ਸੀ। ਇਉ ਇਸ ਕਵਿਤਾਂ ਦਾ ਇਥੇ ਆਉਣਾ ਕੁਝ ਮਹੱਤਵਪੂਰਨ ਸੰਕੇਤ ਦੇਂਦਾ ਹੈ।

"ਮਾਂ ਉਡੀਕ ਦੀ
ਦੁਨੀਆ ਦੀ ਜਨਮਸ਼ਾਲਾਂ ਪੜ੍ਹੀ ਹੋਈ ਮਾਂ
ਚੁਲ੍ਹੇ ਦੇ ਤਾਪ ਵਿਚ ਗੁੜ੍ਹੀ ਹੋਈ ਮਾਂ" (1)

'ਮਾਂ' ਦਾ ਥੀਮ ਉਸ ਦੀ ਕਵਿਤਾ ਵਿਚ ਬਾਰ ਬਾਰ ਆਉਂਦਾ ਹੈ। ਪਰ ਇਸ ਪੁਸਤਕ ਦੇ ਆਰੰਭ ਵਿਚ ਇਹ ਕਵਿਤਾ ਦੇਣੀ, ਇਸ ਤਰ੍ਹਾਂ ਲਗਦੀ ਹੈ ਜਿਵੇਂ ਉਹ ਮਾਂ ਨੂੰ ਸ਼ਰਧਾਂਜਲੀ ਦੇ ਰਿਹਾ ਹੋਵੇ। ਮਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ, ਉਸ ਦੀ ਸਿਮਰਤੀ ਦਾ ਰਿਸ਼ਤਾ ਉਨ੍ਹਾਂ ਨਾਲ ਜੋੜ੍ਹਿਆਂ ਗਿਆ ਹੈ ' ਜੋ ਕਿਤੇ ਪਹੁੰਚ ਚੁਕੇ ਨੇ,' ਜਾਂ 'ਜੋ ਕਿਧਰੇ ਨਹੀਂ ਪਹੁੰਚੇ, ਮਾਂ ਉਹਨਾਂ ਨੂੰ ਉਡੀਕਦੀ ਹੈ। ਇਨ੍ਹਾਂ ਕਵਿਤਾਵਾਂ ਵਿਚਲਾ ਮਨੁੱਖ/ਕਵੀ ਕਿਧਰੇ ਪਹੁੰਚਿਆ ਹੈ ਜਾਂ ਨਹੀਂ, ਇਸ ਦਾ ਨਿਰਣਾ ਕਵਿਤਾ ਵਿਚ ਨਹੀ ਕੀਤਾ ਗਿਆ। ਪਰ ਉਸ ਦੀ ਕਵਿਤਾ ਵਿਚ 'ਵਿਦਾ ਹੋਣ ਦੀ' ਜੋ ਚੇਤਨਾ ਕੰਮ ਕਰ ਰਹੀ ਹੈ ਉਹ ਇਸ ਗੱਲ ਨੂੰ ਜ਼ਰੂਰ ਪ੍ਰਗਟ ਕਰਦੀ ਹੈ ਕਿ ਉਹ ਇਕ ਵਿਸ਼ੇਸ਼ ਪੜਾਅ ਤੇ ਪਹੁੰਚ ਚੁਕਾ ਹੈ। ਉਸ ਪੜਾਅ ਬਾਰੇ ਕਵੀ ਨੇ ਕਈ ਸੰਕੇਤ ਦਿਤੇ ਹਨ। ਜਿਵੇਂ -

- ਹਾਂ, ਤਿਨਾਂ ਜਣਿਆਂ ਦੇ ਮੋਢਿਆਂ ਤੇ
ਤੁਰਿਆ ਜਾਂਦਾ ਉਹ ਜਨਾਜ਼ਾ
ਉਸੇ ਸ਼ਾਇਰ ਦਾ ਹੈ..... (2)

**Correspondence**
**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

- ਮੈਂ ਜਾਂ ਤੁਰਾਂ ਮੇਰੇ ਗੀਤ ਤੂੰ ਕਹਿਣਾ
ਹੋਲੀ ਹੋਲੀ ਗਾਏ
ਚਾਰ ਕਦਮ ਮੇਰੇ ਨਾਲ ਤੁਰੇ
ਤੇ ਫਿਰ ਭਾਵੇਂ ਮੁੜ ਜਾਏ
ਸਾਰੀ ਉਮਰ ਉਨ ਸਾਥ ਨਿਭਾਇਆ
ਉੜਕ ਵਾਰ ਨਿਭਾਏ
ਲੋਕ ਕਹੇ ਔਹ ਗੀਤਾਂ ਵਾਲਾ
ਤੁਰਿਆ ਧੁਰ ਦਰਗਾਹੇ (3)

- ਸਾਹਿਬ ਦੇ ਆਏ ਫੁਰਮਾਨ
ਮੇਰੀਏ ਜਿੰਦ ਤੂੰ ਲੈ ਪਹਿਚਾਣ
ਡੂੰਘੀਆਂ ਸ਼ਾਮਾਂ ਆਏ ਸੁਨੇਹੇ
ਬਿਨ ਬੋਲੇ ਸਮਝਾਣ
ਸੇਜ ਸਾਹਿਬ ਦੀ ਤੇਰੇ ਜੋਗੀ
ਦਿਉਤੇ ਪਏ ਵਿਛਾਣ (4)

ਉੱਪਰ ਅਸੀਂ ਇਸ ਹਾਲ ਦਾ ਜ਼ਿਕਰ ਕੀਤਾ ਹੈ ਕਿ ਉਹ ਆਪਣੀਆਂ ਕਵਿਤਾਵਾਂ ਵਿਚ ਇਸਤਰੀ ਦੀ ਗੱਲ ਕਰਦਾ ਹੈ। ਇਸਤਰੀ ਨੂੰ ਮਾਂ ਅਤੇ ਪਤਨੀ ਦੇ ਰੂਪ ਵਿਚ ਦੇਖ ਰਿਹਾ ਹੈ। ਉਸ ਦੀ ਕਵਿਤਾ 'ਨੰਗਾਂ ਨਿਰੋਲ ਨਾਮੁਨਕਿਨ' ਇਸ ਪਖੋਂ ਵਿਸ਼ੇਸ਼ ਧਿਆਨ ਮੰਗਦੀ ਹੈ। ਕਵੀ ਅਨੁਸਾਰ ਮਾਂ ਅਤੇ ਬੱਚੇ ਦਾ ਪਹਿਲਾ ਸੰਪਰਕ ਕਿਸੇ ਕਰਾਮਾਤ ਤੋਂ ਘਟ ਨਹੀਂ। ਮਾਂ ਦੀ ਨਜ਼ਰ ਵਿਚ ਬੱਚਾ ਉਸ ਦੀ ਨਿਰੋਲ ਨਿਖੋਟ ਦੌਲਤ ਹੈ। ਮਾਂ ਨੂੰ ਹਰ ਵਕਤ ਆਪਣੇ ਬੱਚੇ ਦੀ ਚਿੰਤਾ ਲਗੀ ਰਹਿੰਦੀ ਹੈ। ਬੱਚੇ ਦਾ ਸੱਚਾ ਸੁੱਚਾ ਰੂਪ ਉਸ ਨੂੰ ਵਿਸ਼ੇਸ਼ ਸੰਤੁਸ਼ਟੀ ਦੇਂਦਾ ਹੈ। ਨਵਜੰਮਿਆਂ ਬੱਚਾ ਦੁਨੀਆ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਮਾਂ ਨੂੰ ਹੀ ਆਪਣਾ ਮਹਿਸੂਸ ਕਰਦਾ ਹੈ ਜਿਸ ਵਿਚ ਕਿਸੇ ਕਿਸਮ ਦਾ ਖੋਟ ਨਹੀਂ। ਇਥੇ ਕਵੀ ਮਾਂ ਦੀ, ਮਮਤਾ ਨੂੰ ਵਿਸ਼ੇਸ਼ ਪਵਿੱਤਰਤਾ ਨਾਲ ਜੋੜਦਾ ਹੈ। ਕਾਵਿ ਮੈ ਦਾ ਪਹਿਲਾ ਜਨਮ ਮਾਂ ਦੀ ਕੁੱਖੋਂ ਹੋਇਆ ਪਰ ਉਸ ਦਾ ਦੂਜਾ ਜਨਮ:-

ਫੇਰ ਜਦੋਂ ਦੂਜੀ ਵਾਰ ਮੈਂ ਜੰਮਿਆ
ਆਪਣੀ ਪਤਨੀ ਦੀਆਂ ਬਾਹਾਂ 'ਚ (5)

ਕਵੀ ਇਥੇ ਇਸ ਗੱਲ ਦੀ ਪ੍ਰੋੜਤਾ ਕਰ ਰਿਹਾ ਹੈ ਕਿ ਵਿਆਹ ਤੋਂ ਬਾਅਦ ਇਨਸਾਨ ਦਾ ਦੂਜਾ ਜਨਮ ਹੁੰਦਾ ਹੈ। ਪਰ ਦੂਜੇ ਜਨਮ ਅਤੇ ਪਹਿਲੇ ਜਨਮ ਵਿਚ ਅੰਤਰ ਹੈ। ਪਹਿਲਾ ਸੰਪਰਕ ਜਿਸ ਔਰਤ ਨਾਲ ਹੋਇਆ ਉਹ ਮਾਂ ਸੀ। ਦੂਜਾ ਸੰਪਰਕ ਜਿਸ ਔਰਤ ਨਾਲ ਹੋਇਆ, ਉਹ ਪਤਨੀ ਹੈ। 'ਕਾਵਿ ਮੈ' ਦਾ ਦੂਜਾ ਜਨਮ ਰਾਤ ਦੇ ਅੰਧੇਰੇ ਵਿਚ ਹੋਇਆ। ਅੰਧੇਰੇ ਦੀ ਮੌਜੂਦਗੀ ਵਿਚ ਇਹ ਸੰਬੰਧ ਕਵੀ ਨੂੰ ਨਿਰੋਲ ਨਿਖੋਟ ਲੱਗਦੇ ਹਨ। ਦੂਜੀ ਔਰਤ ਨਾਲ ਹੋਇਆ ਇਹ ਸੰਬੰਧ ਕਵੀ ਨੂੰ ਸਵਰਗ ਵਰਗੀ ਅਨੁਭੂਤੀ ਦੇਂਦਾ ਹੈ। ਪਰ ਕਵੀ ਦੇ ਇਸ ਸਹਿਜ ਸਵਰਗ ਵਿਚ ਉਸ ਵਕਤ ਦਰਾਰ ਪੈ ਜਾਂਦੀ ਹੈ ਜਦ ਉਹ ਉਜਾਲੇ ਵਿਚ ਆਪਣਾ ਆਦਿ ਸਰੂਪ ਆਪਣੀ ਸਾਥਣ ਨੂੰ ਦਿਖਾਉਣਾ ਚਾਹੁੰਦਾ ਹੈ। ਪਰ ਪਤਨੀ ਇਸ ਲਈ ਉਸ ਨੂੰ ਇਨਕਾਰ ਕਰ ਦੇਂਦੀ ਹੈ ਕਿਉਂਕਿ:-

ਨੰਗਾ ਨਿਖੋਟ ਸਿਰਫ਼ ਹੋਣ ਲਈ ਹੈ
ਕਦੀ ਕਦੀ ਟੋਹਣ ਲਈ
ਵਰਤਾਣ ਲਈ ਵੀ
ਵੇਖਣ ਵਿਖਾਉਣ ਲਈ ਬਿਲਕੁਲ ਨਹੀਂ
ਏਦਾਂ ਨਿਖੋਟ ਵਿਚ ਖੋਟ ਰਲ ਜਾਂਦਾ ਹੈ (6)

ਇਸ ਤੋਂ ਬਾਅਦ 'ਕਾਵਿ ਮੈ' ਦੀ ਦ੍ਰਿਸ਼ਟੀ ਵਿਚ ਪਰਿਵਰਤਨ ਆ ਜਾਂਦਾ ਹੈ। ਉਹ ਸਮਝ ਜਾਂਦਾ ਹੈ ਕਿ ਮਾਂ ਤੋਂ ਇਲਾਵਾ ਦੁਨੀਆ ਦਾ ਕੋਈ ਵੀ ਸੰਬੰਧ ਨਿਰੋਲ ਨਿਖੋਟ ਦ੍ਰਿਸ਼ਟੀ ਦਾ ਧਾਰਨੀ ਨਹੀਂ। ਇਸ ਲਈ :-

ਇਹ ਦੁਨੀਆ ਕੁਝ ਵੀ ਹੈ
ਮੇਰੀ ਮਾਂ ਨਹੀਂ ਹੈ (7)

ਇਸ ਪੁਸਤਕ ਦੀਆਂ ਜਿਨ੍ਹਾਂ ਕਵਿਤਾਵਾਂ ਨੂੰ ਆਲੋਚਨਾਤਮਕ ਤੌਰ 'ਤੇ ਪਹਿਲ ਦਿੱਤੀ ਜਾ ਸਕਦੀ ਹੈ, ਉਹ ਪੁਸਤਕ ਦੇ ਪਹਿਲੇ ਅੱਧ ਵਿਚ ਪੇਸ਼ ਕਵਿਤਾਵਾਂ ਹਨ। ਜਿਨ੍ਹਾਂ ਬਾਰੇ ਅਸੀਂ ਇਹ ਵੀ ਕਿਹਾ ਸੀ ਕਿ ਉਹ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਹਨ। ਜਦੋਂ ਅਸੀਂ ਇਨ੍ਹਾਂ ਕਵਿਤਾਵਾਂ ਨੂੰ ਆਲੋਚਨਾਤਮਕ ਤੌਰ 'ਤੇ ਦੇਖਦੇ ਹਾਂ ਤਾਂ ਇਨ੍ਹਾਂ ਦੀ ਵਿਧੀ ਵੱਲ ਧਿਆਨ ਦੇਣ ਦੀ ਲੋੜ ਹੈ। ਹਰਿਭਜਨ ਸਿੰਘ ਨੇ ਭਾਵੇਂ ਪਹੀਲਾਂ ਵੀ ਆਧੁਨਿਕ ਵਿਧੀ ਵਾਲੀਆਂ ਕਵਿਤਾਵਾਂ ਲਿਖੀਆਂ ਹਨ ਪਰ ਇਨ੍ਹਾਂ ਕਵਿਤਾਵਾਂ ਦੀ ਵਿਧੀ ਅਜਿਹੀ ਹੈ ਜੋ ਨਾ ਤੇ ਕਿਸੇ ਨਿਸ਼ਚਿਤ ਬਣੇ ਬਣਾਏ ਵਿਚਾਰ ਨੂੰ ਪੇਸ਼ ਕਰਦੀ ਹੈ ਅਤੇ ਨਾ ਹੀ ਕਿਸੇ ਭੂਮਿਕਾ ਦੀ ਮਦਦ ਲੈਂਦੀਆਂ ਹਨ, ਸਗੋਂ ਇਹ ਕਵਿਤਾਵਾਂ ਅਚਾਨਕ ਸ਼ੁਰੂ ਹੁੰਦੀਆਂ ਹਨ। ਪਰ ਇਨ੍ਹਾਂ ਕਵਿਤਾਵਾਂ ਵਿਚ ਕੁਝ ਚਿਹਨ ਅਤੇ ਪ੍ਰਤੀਕ ਅਜਿਹੇ ਹਨ ਜੋ ਇਨ੍ਹਾਂ ਕਵਿਤਾਵਾਂ ਨੂੰ ਗਹਿਰਾਈ ਦੇਂਦੇ ਹਨ। ਅਸੀਂ ਇਨ੍ਹਾਂ ਪ੍ਰਤੀਕਾਂ ਦੀ ਗਹਿਰਾਈ ਨੂੰ ਤਲਾਸ਼ਣ ਦਾ ਜਤਨ ਕਰਦੇ ਹਾਂ। ਇਸ ਵਿਧੀ ਦਾ ਅਧਿਐਨ ਕਰਨ ਲਈ ਅਸੀਂ ਉਸਦੀ ਕਵਿਤਾ 'ਦੀਵਾਰ' ਵਿਚੋਂ ਕੁਝ ਸਤਰਾਂ ਲੈਂਦੇ ਹਾਂ:-

ਕਿਤੇ ਕੋਈ ਦੀਵਾਰ ਉਸਰ ਰਹੀ ਹੈ
ਚੁੱਪ ਚਾਪ, ਅਚੇਤ, ਅਣਦਿਸਦੀ
ਧਰਮ ਦੀਵਾਰ ਹੈ
ਦੇਸ਼ ਦੀਵਾਰ ਹੈ
ਦੀਵਾਰ ਹੈ ਬੋਲੀ ਵੀ (8)

ਅਸੀਂ ਜਦੋਂ ਇਸ ਕਵਿਤਾ ਦੀਆਂ ਪਹਿਲੀਆਂ ਦੋ ਸਤਰਾਂ ਪੜ੍ਹਦੇ ਹਾਂ ਤਾਂ ਸਾਡੇ ਮਨ ਵਿਚ ਦੀਵਾਰ ਦੇ ਪ੍ਰਤੀਕ ਬਾਰੇ ਇਕ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਕਵੀ ਕਿਸ ਉਸਰ ਰਹੀ ਦੀਵਾਰ ਦੀ ਗੱਲ ਕਰ ਰਿਹਾ ਹੈ, ਉਹ ਕੀ ਹੈ? ਉਹ ਦੀਵਾਰ ਕਿਥੇ ਉਸਰ ਰਹੀ ਹੈ। ਕਿਸ ਰੂਪ ਵਿਚ ਉਸ ਰਹੀ ਹੈ ਕਿ ਉਹ ਉਸ ਦੀਵਾਰ ਨੂੰ ਕਿਸੇ ਸਮੂਰਤ ਬਿੰਬ ਵਾਂਗ ਪੇਸ਼ ਕਰ ਰਿਹਾ ਹੈ। ਇੰਝ ਪਹਿਲੀਆਂ

ਸਤਰਾਂ ਹੀ ਪਾਠਕ ਦੇ ਮਨ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਕਰ ਦੇਂਦੀਆਂ ਹਨ। ਇਸ ਨੂੰ ਹੀ ਅਸੀਂ ਨਵੀਂ ਕਵਿਤਾ ਦੀ ਸਮਰੱਥਾ ਆਖ ਸਕਦੇ ਹਾਂ ਤੇ ਜਦੋਂ ਅਸੀਂ ਕਵਿਤਾ ਦੀਆਂ ਅਗਲੀਆਂ ਸਤਰਾਂ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਦੀਵਾਰ ਉਨ੍ਹਾਂ ਸੰਬੰਧਾਂ ਦੇ ਅਹਿਸਾਸ ਵਿਚ ਉਸਰ ਰਹੀ ਹੈ ਜਿਸ ਦੀ ਦੂਜੀ ਧਿਰ ਨਾਰੀ ਹੈ। ਪਰ ਇਹ ਦੀਵਾਰ ਸਮਾਜਕ ਕੀਮਤਾਂ/ਧਰਮ/ਸਮਾਜ ਕਿਸ ਦੀ ਹੈ? ਇਹ ਪ੍ਰਸ਼ਨ ਬਣੇ ਹੀ ਰਹਿੰਦੇ ਹਨ ਅਤੇ ਖਤਮ ਵੀ ਹੁੰਦੇ ਹਨ। ਕਿਉਂਕਿ ਇਹ ਦੀਵਾਰ ਸਮੂਰਤ ਰੂਪ ਵਿਚ ਨਹੀਂ ਉਸਰ ਰਹੀ। ਸਗੋਂ ਕਵਿਤਾ ਇਸ ਗੱਲ ਨੂੰ ਪੇਸ਼ ਕਰ ਰਹੀ ਹੈ ਕਿ ਜਦੋਂ ਇਹ ਦੀਵਾਰ ਨਹੀਂ ਸੀ ਉਸਰ ਰਹੀਂ ਤਾਂ ਵੀ ਇਕ ਦੀਵਾਰ ਉਸਰ ਰਹੀ ਹੁੰਦੀ ਹੈ। ਇਸ ਕਾਵਿ ਨੂੰ ਹੋਰ ਗਹਿਰਾਈ ਨਾਲ ਪੜ੍ਹੀਏ ਤਾਂ ਚਿਹਨ ਦੀ ਇਹ ਵਿਧੀ ਸਾਨੂੰ 'ਰੋਲਾਂ ਬਾਰਤ' ਤੱਕ ਲੈ ਜਾਂਦੀ ਹੈ। ਜਦੋਂ ਉਹ ਇਹ ਕਹਿੰਦਾ ਹੈ ਕਿ ਅਸੀਂ ਸ਼ਬਦਾਂ ਨੂੰ ਉਨ੍ਹਾਂ ਦੇ ਅਰਥਾ ਤੋਂ ਖ਼ਾਲੀ ਕਰਦੇ ਹਾਂ ਪਰ ਉਹ ਖ਼ਾਲੀ ਨਹੀਂ ਹੁੰਦੇ। ਬਿਲਕੁਲ ਉਸੇ ਤਰ੍ਹਾਂ ਜਦੋਂ ਗਲਾਸ ਨੂੰ ਕਿਸੇ ਵਸਤੂ ਤੋਂ ਭਾਵੇਂ ਖ਼ਾਲੀ ਕਰ ਦਿੱਤਾ ਜਾਏ ਤਾਂ ਵੀ ਉਹ ਬਿਲਕੁਲ ਖ਼ਾਲੀ ਨਹੀਂ ਹੁੰਦਾ। ਸਗੋਂ ਉਸ ਵਿਚ ਹਵਾ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ ਹਰਿਭਜਨ ਸਿੰਘ ਇਸ ਕਾਵਿ ਵਿਚ ਇਸੇ ਚਿਹਨ ਵਿਧੀ ਨੂੰ ਅਪਣਾਉਂਦਾ ਹੈ। ਉਸ ਦੀਵਾਰ ਨੂੰ ਪਰਿਭਾਸ਼ਿਤ ਕਰਨਾ ਜ਼ਰੂਰੀ ਨਹੀਂ ਪਰ ਸਾਡੇ ਕਹਿਣ ਦਾ ਆਲੋਚਨਾਤਮਕ ਭਾਵ ਇਹ ਹੈ ਕਿ ਹਰਿਭਜਨ ਸਿੰਘ ਦੇ ਅਜਿਹੇ ਕਾਵਿ ਜੋ ਡੂੰਘਾਈ ਆਈ ਹੈ, ਉਸ ਪਿੱਛੇ ਉਸਦੀ ਆਲੋਚਨਾਤਮਕ ਚੇਤਨਾ ਕੰਮ ਕਰ ਰਹੀ ਹੈ। ਉਸਦੀ ਕਵਿਤਾ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਆਲੋਚਨਾਤਮਕ ਚੇਤਨਾ ਉਸਦੀ ਕਵਿਤਾ ਦੀ ਪਿੱਠਭੂਮੀ ਵਿਚ ਰਹਿੰਦੀ ਹੈ। ਅਗਰਭੂਮੀ ਤੇ ਕਵਿਤਾ, ਨਿਰੋਲ ਕਵਿਤਾ ਹੀ ਰਹਿੰਦੀ ਹੈ ਕਿਉਂਕਿ ਹਰਿਭਜਨ ਸਿੰਘ ਆਪਣੇ ਵਿਚ ਕਾਵਿਕਤਾ ਨੂੰ ਪਹਿਲ ਦੇਂਦਾ ਹੈ।

ਇਸ ਕਵਿਤਾ ਨੂੰ ਅਸੀਂ ਆਲੋਚਨਾਤਮਕ ਤੌਰ 'ਤੇ ਇਸ ਲਈ ਵੀ ਚੁਣਿਆ ਹੈ ਕਿਉਂਕਿ ਉਸ ਦੀਆਂ ਇਨ੍ਹਾਂ ਮੁੱਢਲੀਆਂ ਕਵਿਤਾਵਾਂ ਵਿਚ ਇਹੋ ਵਿਧੀ ਕੰਮ ਕਰ ਰਹੀ ਹੈ। ਉਦਾਹਰਣ ਵਜੋਂ ਉਸਦੀ ਕਵਿਤਾ 'ਕੋਈ ਵੇਖ ਰਿਹਾ ਹੈ' ਦੇਖ ਸਕਦੇ ਹਾਂ:-

ਕੋਈ ਵੇਖ ਰਿਹਾ ਹੈ
ਘਰ ਦੀਆਂ ਕੰਧਾਂ ਨੂੰ ਛੇਕ ਕੇ
ਛੇਕ ਨੇ ਮੇਰੇ ਪਿੰਡੇ ਨੂੰ ਵੀ
ਧੁਰ ਅੰਦਰ ਲੁਕ ਕੇ ਬੈਠੇ ਨੂੰ ਵੀ
ਕੋਈ ਵੇਖ ਰਿਹਾ ਹੈ (9)

ਇਸ ਕਵਿਤਾ ਵਿਚ ਵੀ ਦੂਜੀ ਧਿਰ ਨਹੀਂ ਹੈ। ਜਿਸ ਨੂੰ ਉਹ ਸੁਪਨੇ ਵਿਚ ਮਿਲਦਾ ਹੈ ਪਰ ਪਹਿਲੀਆਂ ਸਤਰਾਂ ਪੜ੍ਹ ਕੇ ਹੀ ਬਹੁਪਰਤੀ ਸਵਾਲ ਪੈਦਾ ਹੁੰਦੇ ਹਨ ਕਿ ਕੋਈ ਵੇਖ ਰਿਹਾ ਹੈ, ਉਹ ਧੁਰ ਅੰਦਰ ਲੁਕ ਕੇ ਕਿਉਂ ਬੈਠਾ ਹੈ। ਘਰ ਦੀਆਂ ਕੰਧਾਂ ਨੂੰ ਛੇਕ ਕੇ, ਉਸਦੇ ਆਪਣੇ ਪਿੰਡੇ 'ਚ ਛੇਕ ਹੈ ਜੇ ਉਹ ਇਕ ਦੂਜੇ ਲਈ ਬਣੇ ਹਨ ਤਾਂ ਫਿਰ ਇਕ ਦੂਜੇ ਤੋਂ ਝਕਦੇ ਕਿਉਂ ਹਨ। ਪਰ ਕਵੀ ਨੂੰ ਅਜਿਹੇ ਕਿਸੇ ਵੀ ਸਵਾਲ ਦਾ ਉੱਤਰ ਦੇਣ ਦੀ ਲੋੜ ਨਹੀਂ ਹੈ। ਉਹ ਅਜਿਹੇ ਕਾਵਿ ਦੀ ਰਚਨਾ ਕਰਦਾ ਹੈ, ਜਿਸ ਵਿਚ ਉੱਤਰ ਮੌਜੂਦ ਹਨ। ਪਰ ਉਨ੍ਹਾਂ ਨੂੰ ਇਕ ਸ਼ਬਦ ਵਿਚ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ।

ਹਰਿਭਜਨ ਸਿੰਘ ਦੀਆਂ ਅਜਿਹੀਆਂ ਕਵਿਤਾਵਾਂ ਵਿਚ ਸਮਾਜਕ ਕਦਰਾਂ ਕੀਮਤਾਂ ਵੱਲ ਸੰਕੇਤ ਕੀਤੇ ਗਏ ਹਨ। ਹਰਿਭਜਨ ਸਿੰਘ ਦੀ ਕਾਵਿ ਵਿਧੀ ਅਜਿਹੀ ਨਹੀਂ, ਜਿਸ ਵਿਚ ਉਹ ਸਿੱਧੀ ਸਪੱਸ਼ਟ ਗੱਲ ਕਰੇ। ਸਪੱਸ਼ਟ ਗੱਲ ਕਰਨਾ ਪਿਛਲੀ ਕਿਵਤਾ ਦੀ ਵਿਧੀ ਸੀ ਪਰ ਹਰਿਭਜਨ ਸਿੰਘ ਦੀ ਕਵਿਤਾ ਪ੍ਰਤੀਕਾਂ ਰਾਹੀਂ ਗੱਲ ਕਰਦੀ ਹੈ। ਉਸਦੀ ਕਵਿਤਾ 'ਰੇਤ ਦੀ ਆਵਾਜ਼' ਇਸ ਗੱਲ ਦਾ ਪ੍ਰਗਟ ਹੈ। ਇਕ ਰੇਗਿਸਤਾਨ ਮਨੁੱਖ ਵੱਲ ਵਧ ਰਿਹਾ ਹੈ। ਮਨੁੱਖ ਇਸ ਤ੍ਰਾਸਦੀ ਦੇ ਅਹਿਸਾਸ ਦੇ ਸਾਹਵੇਂ ਹੈ। ਉਸ ਨੂੰ ਉਹ ਕੇਵਲ ਇਕੋ ਪ੍ਰਤੀਕ ਰਾਹੀਂ ਨਹੀਂ ਸਗੋਂ ਹੋਰ ਵੀ ਕਈ ਪ੍ਰਤੀਕਾਂ ਰਾਹੀ ਜੋੜ ਕੇ ਅੱਗੇ ਪੇਸ਼ ਕਰਦਾ ਹੈ:-

ਸੁਣੋ, ਰੇਤ ਸੰਗ ਖਹਿ ਰੇਤ ਨੂੰ
ਕਲ੍ਹ ਤਕ ਸ਼ਹਿਰ ਪਿੰਡ
ਨਿਰੇ ਥਲ ਹੋਣਗੇ
ਬੰਦੇ ਹੋਣਗੇ ਬੁੱਤ ਜਿਹੇ ਭੁਰਭਰੀ ਰੇਤ ਦੇ
ਬੋਲਣਗੇ ਤਾਂ ਡਰਨਗੇ
ਰਤਾ ਰਤਾ ਕਿਰ ਨਾ ਜਾਈਏ (10)

ਇਸੇ ਅਹਿਸਾਸ ਨੂੰ ਹੀ ਉਹ 'ਦਰਿਆ ਮਰ ਰਿਹਾ ਹੈ' ਕਵਿਤਾ ਵਿਚ ਪੇਸ਼ ਕਰਦਾ ਹੈ। ਜਿਸ ਵਿਚ ਪਾਣੀ ਹੇਠੋਂ ਦਲਦਲ ਨਜ਼ਰ ਆਉਣ ਲੱਗੀ ਹੈ। ਕਵੀ ਦਰਿਆ ਨੂੰ ਲੱਭ ਰਿਹਾ ਹੈ ਪਰ ਦਰਿਆ ਮਰ ਰਿਹਾ ਹੈ। ਇਸ ਦਾ ਅਹਿਸਾਸ ਉਸ ਦੀਆਂ ਹੋਰ ਕਵਿਤਾਵਾਂ ਵਿਚ ਵੀ ਹੈ। ਜਿਵੇਂ ਨੀਂਦਰ ਵਿਚ ਤੁਰਦਾ ਉਹ, ਆਪਣੀ ਉਡੀਕ, ਰਸਤੇ ਵਿਚ ਪ੍ਰੇਤ ਆਦਿ।

ਇਸੇ ਤਰ੍ਹਾਂ ਇਕ ਹੋਰ ਬਿਲਕੁਲ ਵਿਲੱਖਣ ਕਵਿਤਾ 'ਸਾਖੀ ਨਹੀਂ ਬਣੀ' ਵਿਚ ਉਹ ਨਹੀਂ ਆਇਆ, ਜਿਸ ਦੇ ਆਉਣ ਨਾਲ ਸਾਖੀ ਬਣਨੀ ਹੈ। ਉਸਦੀ ਵੀ ਉਡੀਕ ਹੈ। ਹਾਲਾਂਕਿ ਕਵਿਤਾ ਗੁਰੂ ਨਾਨਕ ਬਾਰੇ ਹੈ। ਇਨ੍ਹਾਂ ਕਵਿਤਾਵਾਂ ਵਿਚ ਹਰਿਭਜਨ ਸਿੰਘ ਹੋਂਦ ਦੀ ਨਹੀਂ, ਅਣਹੋਂਦ ਦੀ ਗੱਲ ਕਰ ਰਿਹਾ ਹੈ:-

ਸਾਖੀ ਨਹੀਂ ਬਣੀ
ਅਜੇ ਉਹ ਨਹੀਂ ਆਇਆ
ਉਹ ਜਿਸ ਦੇ ਆਉਣ ਨਾਲ ਸਾਖੀ ਬਣ ਜਾਂਦੀ ਹੈ
ਉਸ ਤੋਂ ਪਹਿਲਾਂ ਹੋਰ ਜਿਨ੍ਹਾਂ ਜਿਨ੍ਹਾਂ ਆਉਣ ਸੀ
ਸਭੇ ਪਹੁੰਚ ਚੁੱਕੇ ਨੇ
ਧਰਤੀ ਹੈ, ਧਰਤੀ .ਤੇ ਕਲਿਜੁਗ ਦਾ ਪਹਿਰਾ ਹੈ
ਸੱਜਣ ਜੀ, ਕੌਡਾ ਵੀ ਆ ਚੁੱਕੇ
ਆ ਗਈ ਨੂਰਲੁਨਿਸਾ ਵੀ
ਆ ਗਏ ਰੁਹੇਲੇ
ਨਾਲੇ, ਪਹੁੰਚੇ ਗਏ ਭੂਮੀਏ
ਲਹਿੰਦੇ ਵਾਲੇ ਪਾਸਿਉਂ ਪਹੁੰਚ ਗਏ ਜਾਂਵ ਵੀ
ਹੋ ਚੁੱਕੇ ਹੋ ਰਹੇ ਜੋਰੀ ਦੇ ਦਾਨ ਵੀ
ਸਾਰੀ ਹੈ ਸਮਗ੍ਰੀ ਤਾਂ ਵੀ ਸਾਖੀ ਨਹੀਂ ਬਣੀ

ਅਜੇ ਉਹ ਨਹੀਂ ਆਇਆ (11)

ਪਰ ਇਸ ਸਥਿਤੀ ਸਧਾਰਨ ਸਥਿਤੀ ਨਹੀਂ ਹੈ ਤੇ ਨਾ ਹੀ ਨਿਰਾਰਥਕ ਹੈ। ਸਗੋਂ ਇਕ ਦਾਸ਼ਨਿਕ ਕਿਸਮ ਦੀ ਸਥਿਤੀ ਹੈ। ਅਸਤਿਤਵਾਦੀ ਦਰਸ਼ਨ ਵਿਚ Being and Nothingness ਹੋਂਦ ਜਾਂ ਅਣਹੋਂਦ ਜਾਂ ਸ਼ੂਨਯ ਦੇ ਅਲੇ ਦੁਆਲੇ ਵਿਚਾਰਿਆ ਜਾਂਦਾ ਹੈ। ਹਰਿਭਜਨ ਸਿੰਘ ਇਨ੍ਹਾਂ ਕਵਿਤਾਵਾਂ ਵਿਚ ਹੋਂਦ/ਅਣਹੋਂਦ ਦੇ ਦਰਮਿਆਨ ਤਨਾਉ ਹੈ। ਉਸੇ ਦ੍ਰਿਸ਼ਟੀ ਤੋਂ ਹੀ ਕਵੀ ਨਾਰੀ ਜਾਂ ਮੁਹੱਬਤ ਨੂੰ ਦੇਖਦਾ ਹੈ ਅਤੇ ਆਪਣੇ ਵਿਦਾ ਹੋਣ ਦੇ ਅਹਿਸਾਸ ਨੂੰ ਵੀ ਪ੍ਰਗਟ ਕਰਦਾ ਹੈ।

ਇਨ੍ਹਾਂ ਕਵਿਤਾਵਾਂ ਵਿਚ ਹਰਿਭਜਨ ਸਿੰਘ ਦੀ ਇਕ ਵੱਖਰਤਾ ਹੈ ਪਹਿਲੇ ਉਸ ਕਿਸੀ ਵੀ ਚੀਜ਼ ਨੂੰ ਲੈ ਕਵਿਤਾ ਲਿਖਦਾ ਸੀ ਤਾਂ ਉਸ ਵਿਚ ਰੁਮਾਂਟਿਕ ਅਤੇ ਪ੍ਰਗੀਤਕ ਅੰਸ਼ ਆ ਜਾਂਦਾ ਸੀ। ਪਰ ਇਨ੍ਹਾਂ ਕਵਿਤਾਵਾਂ ਵਿਚ ਉਹ ਰੁਮਾਂਸ ਦੇ ਅੰਸ਼ਾਂ ਤੋਂ ਬਿਲਕੁਲ ਮੁਕਤ ਹੈ। ਇਨ੍ਹਾਂ ਕਵਿਤਾਵਾਂ ਵਿਚ ਉਹ ਪ੍ਰਗੀਤ ਤੋਂ ਵੀ ਪੂਰੀ ਤਰ੍ਹਾਂ ਮੁਕਤ ਹੈ। ਇਸ ਸਭ ਦੇ ਵਿਪਰੀਤ ਇਨ੍ਹਾਂ ਕਵਿਤਾਵਾਂ ਵਿਚ ਦਾਰਸ਼ਨਿਕ ਡੂੰਘਾਈ ਵਧ ਗਈ ਹੈ ਜੋ ਉਸ ਦੀਆਂ ਪਹਿਲੀਆਂ ਕਵਿਤਾਵਾਂ ਨਾਲੋਂ ਭਿੰਨ ਹੈ।

## ਟਿੱਪਣੀਆਂ ਤੇ ਹਵਾਲੇ


1. ਮਾਂ ਉਡੀਕਦੀ, ਪੰਨਾ 9
2. ਚੌਥੇ ਦੀ ਉਡੀਕ, ਪੰਨਾ 47
3. ਮੇਰੇ ਗੀਤ ਨੂੰ ਕਹਿਣਾ, ਪੰਨਾ 76
4. ਸਾਹਿਬ ਦੇ ਫੁਰਮਾਨ, ਪੰਨਾ 77
5. ਨੰਗਾ ਨਿਰੋਲ ਨਾਮੁਨਕਿਨ, ਪੰਨਾ 46
6. ਉਹੀ, ਪੰਨਾ 46
7. ਉਹੀ, ਪੰਨਾ 46
8. ਦੀਵਾਰ, ਪੰਨਾ 11-12
9. ਕੋਈ ਦੇਖ ਰਿਹਾ ਹੈ, ਪੰਨਾ 13
10. ਰੇਤ ਦੀ ਆਵਾਜ਼, ਪੰਨਾ 18-19
11. ਸਾਥੀ ਨਹੀਂ ਬਣੀ, ਪੰਨਾ 34